# ਦਫਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ

ਵਿੱਦਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਅਜੀਤਗੜ੍ਹ (ਮੁਹਾਲੀ) ਫੋਨ ਨੰ:0172-5212322


ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ ), ਪੰਜਾਬ।
ਸਕੂਲ ਮੁੱਖੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ,
ਸਮੂਹ ਜਿਲ੍ਹਾ ਐਜੂਸੈਟ ਕੋਆਰਡੀਨੇਟਰਜ਼, ਪੰਜਾਬ।

ਮੀਮੋ ਨੰ. Samagra/Plan/2019/216366 ਮਿਤੀ: 29 / 07 / 2019

ਵਿਸ਼ਾ: **Menstrual Health and Hygiene ਉੱਤੇ EDUSAT ਰਾਹੀ ਟ੍ਰੇਨਿੰਗ ਕਰਵਾਉਣ ਸਬੰਧੀ।**

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਉਕਤ ਵਿਸ਼ੇ ਸਬੰਧੀ ਸਰਕਾਰੀ ਸਕੂਲਾਂ ਵਿੱਚ ਛੇਵੀਂ ਤੋ ਬਾਰਵ੍ਹੀ ਜਮਾਤ ਵਿੱਚ ਪੜ੍ਹਦੀਆਂ ਸਾਰੀਆਂ ਵਿਦਿਆਰਥਣਾਂ ਨੂੰ ਵਿਭਾਗ ਵੱਲੋ Free Sanitary Napkins ਮੁੱਹਈਆ ਕਰਵਾਏ ਜਾ ਰਹੇ ਹਨ ਜਿਸ ਤਹਿਤ ਪਹਿਲੇ quarter ਦੀ ਸਪਲਾਈ ਮੁਕੰਮਲ ਹੋ ਚੁੱਕੀ ਹੈ ਅਤੇ ਦੂਸਰੇ quarter ਦੀ ਸਪਲਾਈ ਜਲਦ ਹੀ ਸੁਰੂ ਕੀਤੀ ਜਾ ਰਹੀ ਹੈ।

3.0 ਵਿਦਿਆਰਥਣਾਂ ਨੂੰ ਸਿਹਤ ਸੰਭਾਲ ਅਤੇ ਸਾਫ ਸਫਾਈ ਪ੍ਰਤੀ ਜਾਗਰੂਕ ਕਰਨ ਲਈ Menstrual Health and Hygiene ਉੱਤੇ ਰਾਜ ਦੇ ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀਆ ਮਹਿਲਾਂ ਅਧਿਆਪਕਾਵਾਂ ਅਤੇ ਛੇਵੀ ਤੋ ਬਾਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਨੂੰ ਐਜੂਸੈਂਟ ਰਾਹੀ ਟ੍ਰੇਨਿੰਗ ਦਿੱਤੀ ਜਾਣੀ ਹੈ।

ਜਿਸ ਦੀ ਸਮਾਂ ਸਾਰਨੀ ਹੇਠ ਲਿਖੇ ਅਨੁਸਾਰ ਹੋਵੇਗੀ।

Date: 06:08:2019
Time: 9:40 A.M to 11:40 A.M
Venue: EDUSAT (ROT) Room of School

4.0 ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਟ੍ਰੇਨਿੰਗ ਵਿੱਚ ਆਪ ਦੇ ਸਕੂਲ ਦੀਆਂ ਮਹਿਲਾ ਅਧਿਆਪਕਾਵਾਂ ਅਤੇ ਛੇਵੀਂ ਤੋ ਬਾਰਵੀਂ ਜਮਾਤ ਤੱਕ ਦੀਆਂ ਵਿਦਿਆਰਥਣਾਂ ਨੂੰ ਉਕਤ ਸ਼ਡਿਊਲ ਅਨੁਸਾਰ ਆਪਣੇ ਹੀ ਸਕੂਲ ਵਿੱਚ ਐਜੂਸੈਂਟ ਰਾਹੀ ਟ੍ਰੇਨਿੰਗ ਵਿਚ ਸ਼ਮੂਲੀਅਤ ਕਰਨੀ ਯਕੀਨੀ ਬਣਾਇਆ ਜਾਵੇ। ਇਸ ਸਮੇ ਦੌਰਾਨ ਐਜੂਸੈਂਟ ਦਾ ਚਾਲੂ ਹਾਲਤ ਵਿੱਚ ਹੋਣਾ, ਯਕੀਨੀ ਬਣਾਉਣਾ ਵੀ ਸਕੂਲ ਮੁੱਖੀ ਦੀ ਜਿੰਮੇਵਾਰੀ ਹੋਵੇਗੀ। ਜੇਕਰ ਕਿਸੇ

ਤਕਨੀਕੀ ਕਾਰਨ ਕਰਕੇ ਕਿਸੇ ਸਕੂਲ ਦਾ ਐਜੂਸੈਟ ਕੰਮ ਨਹੀਂ ਕਰ ਰਿਹਾ ਤਾਂ ਸਕੂਲ ਮੁੱਖੀ ਵੱਲੋ ਸਬੰਧਤ ਜਿਲ੍ਹਾ ਐਜੂਸੈਟ ਕੋਆਰਡੀਨੇਟਰ ਦੇ ਧਿਆਨ ਵਿੱਚ ਲਿਆਂਦਾ ਜਾਵੇ। ਜੇਕਰ ਸਮਾਂ ਰਹਿੰਦੇ ਸਬੰਧਤ ਸਕੂਲਾਂ ਦਾ ਐਜੂਸੈਟ ਕੋਆਰਡੀਨੇਟਰ ਦੇ ਸਹਿਯੋਗ ਨਾਲ ਕਿਸੇ ਨੇੜੇ ਦੇ ਸਕੂਲ ਵਿੱਚ ਆਪਣੇ ਪੱਧਰ ਤੇ ਆਪਣੇ ਸਕੂਲ ਦੇ ਮਹਿਲਾ ਅਧਿਆਪਕਾਵਾਂ ਦੀ ਟ੍ਰੇਨਿੰਗ ਦਾ ਪ੍ਰਬੰਧ ਕਰਵਾਇਆ ਜਾਵੇਗਾ।

5.0 ਉਕਤ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

ਡਾਇਰੈਕਟਰ ਜਰਨਲ ਸਕੂਲ ਸਿੱਖਿਆ
ਪੰਜਾਬ

ਪਿੱਠ ਅੰਕਣ ਨੰ: Samagra/Plan/2019/੬੨੩ ਮਿਤੀ: ੨੭ / ੦੭ / 2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ ਪੰਜਾਬ
2. ਪੀ.ਏ ਟੂ ਡੀ.ਜੀ.ਐਸ.ਈ ਪੰਜਾਬ
3. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ): ਆਪਣੇ-ਆਪਣੇ ਜਿਲ੍ਹੇ ਦੇ ਐਜੂਸੈਟ ਕੋਆਰਡੀਨੇਟਰ ਨਾਲ ਤਾਲਮੇਲ ਕਰਕੇ ਇਹ ਪ੍ਰੋਗਰਾਮ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੜ੍ਹਦੀਆ ਛੇਵੀਂ ਅਤੇ ਬਾਰ੍ਹਵੀ ਜਮਾਤ ਦੀਆਂ ਵਿਦਿਆਰਥਣਾਂ ਅਤੇ ਫੀਮੇਲ ਅਧਿਆਪਕਾਵਾ ਨੂੰ ਅਟੈਂਡ ਕਰਵਾਉਣਾ ਯਕੀਨੀ ਬਣਾਉਣਗੇ।

ਡਾਇਰੈਕਟਰ ਜਰਨਲ ਸਕੂਲ ਸਿੱਖਿਆ
ਪੰਜਾਬ